# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਮੱਗਰ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਲ, ਫ਼ੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**ਫ਼ੋਨ ਨੰ: 01725212329 ਈ-ਮੇਲ : ssatextbook@punjabeducation.gov.in**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ),
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ),
ਸਮੂਹ ਸਕੂਲ ਮੁਖੀ, ਪੰਜਾਬ ।

ਮੀਮੋ ਨੰ: ਸਸਅ/ਐਫ਼ਟੀਬੀ/2020-21/119340
ਮਿਤੀ, ਸਅਸ ਨਗਰ: 24-05-2020

**ਵਿਸ਼ਾ: ਸਾਲ 2020-21 ਦੌਰਾਨ ਪਾਠ-ਪੁਸਤਕਾਂ ਦੀ ਵੰਡ ਸਬੰਧੀ ਡਾਟਾ ਐਂਟਰੀ ਕਰਨ ਬਾਰੇ।**

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖ਼ੇਚਲ ਕਰੋ ਜੀ।

2.0 ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਚਾਲੂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਦੇਸ਼-ਵਿਆਪੀ ਤਾਲਾਬੰਦੀ ਕਾਰਨ ਸਕੂਲ ਬੰਦ ਹਨ ਪ੍ਰੰਤੂ ਸਰਕਾਰੀ ਹਦਾਇਤਾਂ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਪੱਧਰ ਤੱਕ ਕਿਤਾਬਾਂ ਦੀ ਸਪਲਾਈ ਸ਼ੁਰੂ ਕੀਤੀ ਗਈ ਹੈ।ਪਿਛਲੇ ਸਾਲ ਦੀ ਤਰ੍ਹਾਂ ਸਕੂਲਾਂ ਵੱਲੋਂ ਵਿਦਿਆਰਥੀਆਂ ਨੂੰ ਦਿੱਤੀਆਂ ਗਈਆਂ ਕਿਤਾਬਾਂ ਦਾ ਇੰਦਰਾਜ਼ ਈਪੰਜਾਬਸਕੂਲ ਪੋਰਟਲ 'ਤੇ ਦਿੱਤੇ ਗਏ ਲਿੰਕ 'ਤੇ ਕੀਤਾ ਜਾਣਾ ਹੈ।

3.0 ਕਿਤਾਬਾਂ ਦੀ ਵੰਡ ਦਾ ਮੁਲਾਂਕਣ ਸਮੇਂ 2 'ਤੇ ਖ਼ੁਦ ਸਕੱਤਰ ਸਕੂਲ ਸਿੱਖਿਆ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਵੱਲੋਂ ਉਪ-ਜ਼ਿਲ੍ਹਾ ਸਿਖਿਆ ਅਫ਼ਸਰਾਂ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪਬਲੀਕੇਸ਼ਨ ਸ਼ਾਖ਼ਾ ਅਤੇ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸ ਦੇ ਜ਼ਰੀਏ ਕੀਤਾ ਜਾ ਰਿਹਾ ਹੈ।ਇਹਨਾਂ ਮੀਟਿੰਗਾਂ ਦੌਰਾਨ ਕੁੱਝ ਸਕੂਲ ਮੁਖੀਆਂ/ ਉਪ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਕਿਤਾਬਾਂ ਦੇ ਇੰਦਰਾਜ਼ ਕਰਨ ਦੀ ਪ੍ਰਕਿਰਿਆ ਨੂੰ ਹੋਰ ਸਰਲ ਤੇ ਸਪੱਸ਼ਟ ਕਰਨ ਲਈ ਸੁਝਾਅ ਦਿੱਤਾ ਗਿਆ ਸੀ।

4.0 ਇਸ ਮੁੱਦੇ ਨੂੰ ਵਿਚਾਰਦੇ ਹੋਏ ਮੁੱਖ ਦਫ਼ਤਰ, ਸਮੱਗਰ ਸਿੱਖਿਆ ਅਭਿਆਨ ਵੱਲੋਂ ਸਾਫ਼ਟਵੇਅਰ ਵਿੱਚ ਕੁੱਝ ਸੋਧਾਂ ਕਰਕੇ ਇਸ ਨੂੰ ਬਹੁਤ ਹੀ ਸਰਲ ਤੇ ਸਪੱਸ਼ਟ ਕੀਤਾ ਗਿਆ ਹੈ ਅਤੇ ਇਸ ਦਾ ਲਿੰਕ ਈਪੰਜਾਬਸਕੂਲ ਪੋਰਟਲ 'ਤੇ ਦਿੱਤਾ ਗਿਆ ਹੈ। ਸੋ ਸਮੂਹ ਸਕੂਲ ਮੁਖੀ ਆਪਣੇ ਸਕੂਲ ਦੀ Login ID 'ਤੇ ਇੰਦਰਾਜ਼ ਕਰਨਾ ਯਕੀਨੀ ਬਣਾਉਣ ਤਾਂ ਜੋ ਮੁੱਖ ਦਫ਼ਤਰ 'ਤੇ ਵਿਦਿਆਰਥੀਆਂ ਨੂੰ ਵੰਡੀਆਂ ਗਈਆਂ ਕਿਤਾਬਾਂ ਦਾ ਲੇਖਾ-ਜੋਖ਼ਾ ਕੀਤਾ ਜਾ ਸਕੇ।ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਵਿਭਾਗ ਦੇ ਫ਼ੈਸਲੇ ਮੁਤਾਬਿਕ ਮੁੱਖ ਦਫ਼ਤਰ ਵੱਲੋਂ ਨਿਰੀਖਣ ਟੀਮਾਂ ਭੇਜ ਕੇ ਕਿਤਾਬਾਂ ਦੀ ਵੰਡ ਬਾਰੇ ਜਾਣਕਾਰੀ ਹਾਸਿਲ ਕੀਤੀ ਜਾਵੇਗੀ ਤਾਂ ਕਿ ਕੋਈ ਵੀ ਵਿਦਿਆਰਥੀ ਕਿਤਾਬਾਂ ਤੋਂ ਵਾਂਝਾ ਨਾ ਰਹੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।**

ਉਪਰੋਕਤ ਦਾ ਉਤਾਰਾ ਡਿਪਟੀ ਮੈਨੇਜ਼ਰ (ਐੱਮ ਆਈ ਐੱਸ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਨੂੰ ਵਿਭਾਗ ਦੀ ਵੈਬ-ਸਾਈਟ 'ਤੇ ਨਸ਼ਰ ਕਰਨ ਦੀ ਖ਼ੇਚਲ ਕਰਨ ਜੀ।